ਪੰਜਾਬ ਸਰਕਾਰ

ਨੋਟਿਸ

ਸ਼੍ਰੀ ਪੁਸਪਿੰਦਰ ਸਰਮਾਂ ਲੈਕਚਰਾਰ ਅਰਥ ਸਾਸਤਰ, ਸ.ਸ.ਸ.ਸ ਧੰਗੇੜਾ ਜਿਲ੍ਹਾ ਪਟਿਆਲਾ ਅਤੇ ਇੱਕ ਹੋਰ ਵਲੋਂ ਸਿਵਲ ਰਿੱਟ ਪਟੀਸਨ ਨੰ 10454 ਆਫ 2012 ਦਾਇਰ ਕਰਕੇ ਮੰਗ ਕੀਤੀ ਗਈ ਕੇ ਉਨ੍ਹਾ ਦੇ ਜੂਨੀਅਰ ਮਿਤੀ 22-10-1993 ਤੋਂ ਲੈਕਚਰਾਰ ਅਰਥ ਸਾਸਤਰ ਪੱਦ ਉੱਨਤ ਕੀਤੇ ਗਏ ਹਨ ਇਸ ਲਈ ਪਟੀਸਨਰ ਨੂੰ ਵੀ ਮਿਤੀ 22-10-1993 ਤੋਂ ਪੱਦ ਉੱਨਤ ਕੀਤਾ ਜਾਵੇ। ਮਾਨਯੋਗ ਹਾਈਕੋਰਟ ਦੁਆਰਾ ਆਪਣੇ ਫੈਸਲੇ ਮਿਤੀ 09-07-2012 ਰਾਂਹੀ ਰਿੱਟ ਪਟੀਸਨ ਡਿਸਪੋਜ ਆਫ ਕਰਦੇ ਹੋਏ, ਪਟੀਸਨਰਾਂ ਦੇ ਲੀਗਲ ਨੋਟਿਸ ਨੂੰ ਵਿਚਾਰਨ ਦੇ ਹੁਕਮ ਕੀਤੇ ।

ਪਟੀਸਨਰਾਂ ਦੇ ਕਲੇਮ ਨੂੰ ਵਿਚਾਰਦੇ ਹੋਏ ਇਹ ਤੱਥ ਸਾਹਮਣੇ ਆਏ ਕੇ ਵਿਭਾਗ ਵਲੋ ਮਿਤੀ 22-10-1993 ਨੂੰ ਜਾਰੀ ਕੀਤੇ ਗਏ ਲੈਕਚਰਾਰ ਅਰਥ ਸਾਸਤਰ ਪੱਦ ਉੱਨਤੀ ਦੇ ਹੁਕਮਾਂ ਵਿੱਚ ਪੁਰਸ ਜਨਰਲ ਕੈਟਾਗਿਰੀ ਵਿੱਚ ਸਾਲ 1975 ਤੱਕ ਰੈਗੂਲਰ ਨਿਯੁਕਤ ਮਾਸਟਰਾਂ ਨੂੰ ਪੱਦ ਉੱਨਤੀ ਲਈ ਵਿਚਾਰਿਆ ਗਿਆ ਸੀ। ਜਦੋਕਿ ਪਟੀਸਨਰ ਦੀ ਰੈਗੂਲਰ ਮਾਸਟਰ ਨਿਯਕਤੀ ਦੀ ਮਿਤੀ 01-10-1980 ਹੈ । ਪਟੀਸਨਰ ਵਲੋ ਲੀਗਲ ਨੋਟਿਸ ਵਿੱਚ 3 ਜੂਨੀਅਰ ਕਰਮਚਾਰੀ ਨਿਰਮਲ ਸਿੰਘ ਸੀਨੀਆਰਤਾ ਨੰਬਰ 1297, ਬਿਸੰਬਰ ਦਾਸ ਸੀਨੀਆਰਤਾ ਨੰਬਰ 1102 ਅਤੇ ਸੇਵਾ ਸਿੰਘ ਸੀਨੀਆਰਤਾ ਨੰਬਰ 1031 ਦਾ ਹਵਾਲਾ ਦਿੰਦੇ ਹੋਏ ਪੱਦ ਉੱਨਤੀ ਲਈ ਕਲੇਮ ਕੀਤਾ ਗਿਆ ਸੀ ,ਪਟੀਸਨਰਾ ਦਾ ਕਲੇਮ ਮੁੱਖ ਤੋਰ ਤੇ ਉਪਰੋਕਤ 3 ਕਰਮਚਾਰੀਆਂ ਦੇ ਵਰੇਵੇ ਜੋ ਕੇ ਸੀਨੀਆਰਤਾ ਸੂਚੀ ਵਿੱਚ ਦਰਜ ਸਨ ਤੇ ਅਧਾਰਿਤ ਸੀ । ਸੀਨੀਆਰਤਾ ਸੂਚੀ ਵਿੱਚ ਉਪਰੋਕਤ 3 ਕਰਮਚਾਰੀਆਂ ਨੂੰ ਜਨਰਲ ਕੈਟਾਗਿਰੀ ਵਿੱਚ ਲੈਕਚਰਾਰ ਅਰਥ ਸਾਸਤਰ ਮਿਤੀ 22-10-1993 ਤੋਂ ਪੱਦ ਉੱਨਤ ਕੀਤਾ ਦਰਸਾਇਆ ਗਿਆ ਹੈ ਅਤੇ ਇਨ੍ਹਾ ਦੀ ਬਤੌਰ ਮਾਸਟਰ ਰੈਗੂਲਰ ਨਿਯੁਕਤੀ 01-04-1985 , 06-11-1991 ਅਤੇ 01-10-1980 ਦਰਸਾਈ ਗਈ ਹੈ।

ਰਿਕਾਰਡ ਅਨੁਸਾਰ ਮਿਤੀ 22-10-1993 ਦੇ ਪੱਦ ਉੱਨਤੀ ਦੇ ਹੁਕਮਾਂ ਵਿੱਚ ਸ਼੍ਰੀ ਨਿਰਮਲ ਸਿੰਘ ਪੁੱਤਰ ਸ਼੍ਰੀ ਵਰਿਆਮ ਚੰਦ, ਜਿਸਦਾ ਨਾਮ ਪਾਇਆ ਗਿਆ ਹੈ, ਉਹ ਅਨੂ :ਜਾਤੀ ਨਾਲ ਸਬੰਧ ਰਖੱਦਾ ਹੈ ਜਦੋਕਿ ਸੀਨੀਆਰਤਾ ਸੂਚੀ ਵਿੱਚ ਜਨਰਲ ਕੈਟਾਗਿਰੀ ਦਰਸਸਾਇਆ ਗਿਆ ਹੈ। ਬਾਕੀ 2 ਜੂਨੀਅਰ ਕਰਮਚਾਰੀਆ ਕ੍ਰਮਵਾਰ ਸੇਵਾ ਸਿੰਘ ਪੁੱਤਰ ਸ੍ਰੀ ਹਰਨਾਮ ਸਿੰਘ , ਲੈਕਚਰਾਰ ਅਰਥ ਸਾਸਤਰ,ਸ.ਸ.ਸ.ਸ ਮੂਲਕ ਅਤੇ ਸ਼੍ਰੀ ਬਿਸੰਬਰ ਦਾਸ ਪੁੱਤਰ ਸ਼੍ਰੀ ਮੰਗਾ ਰਾਮ ,ਲੈਕਚਰਾਰ ਅਰਥ ਸਾਸਤਰ,ਸ.ਸ.ਸ.ਸ ਰੋਪੜ ਦੇ ਨਾਮ ਮਿਤੀ 22-10-1993 ਦੇ ਪੱਦ ਉੱਨਤੀ ਦੇ ਹੁਕਮਾਂ ਵਿੱਚ ਨਹੀ ਹਨ। ਇਹ ਸਥਿਤੀ ਦੱਸਦੇ ਹੋਏ ਇਸ ਕੇਸ ਵਿੱਚ ਮਿਤੀ 08-08-2013 ਨੂੰ ਮੂੰਹੋਂ ਬੋਲਦੇ ਹੁਕਮ ਪਾਸ ਕਰ ਦਿੱਤੇ ਗਏ ।

ਮਾਨਯੋਗ ਕੋਰਟ ਵਲੋਂ ਆਪਣੇ ਫੈਸਲੇ ਮਿਤੀ 28-04-2014 ਅਨੁਸਾਰ ਇਸ ਦਫਤਰ ਵਲੋਂ ਦਾਇਰ ਕੀਤੇ ਗਏ ਫੈਸਲੇ ਨੂੰ ਠੀਕ ਨਹੀ ਮੰਨਿਆ ਅਤੇ ਹੇਠ ਲਿਖੇ ਅਨੁਸਾਰ ਹੁਕਮ ਪਾਸ ਕੀਤੇ ਗਏ:-

> "It Is not understandable as to why seniority list has not been adhered to by the respondents to give promotions to the petitioners w.e.f when his juniors were promoted . In fact affidavits which are totally contrary to the factual aspect of the matters are being filed. It is a situation where this Court would be constrained to take an extremely serious view of the matter in case the respondents do not remedy the situation."

ਸੀਨੀਆਰਤਾ ਸੂਚੀ ਵਿੱਚ ਦਰਜ ਇਨ੍ਹਾ ਕਰਮਚਾਰੀਆਂ ਦੇ ਵੇਰਵਿਆ ਸਬੰਧੀ ਮੰਡਲ ਸਿੱਖਿਆ ਅਫਸਰ ਜਲੰਧਰ ਅਤੇ ਜਿਲ੍ਹਾ ਸਿੱਖਿਆ ਅਫਸਰ (ਸੈਸਿ) ਹੁਸਿਆਰਪੁਰ ਵਲੋਂ ਦਿੱਤੇ ਗਏ ਰਿਕਾਰਡ ਦੇ ਸਨਮੁੱਖ ਹੁਣ ਜੋ ਸਥਿਤੀ ਸਾਹਮਣੇ ਆਈ ਹੈ ਉਸ ਅਨੁਸਾਰ ਤਿੰਨੋਂ ਕਰਮਚਾਰੀਆਂ ਦੇ ਵੇਰਵੇ ਸੀਨੀਆਰਤਾ ਸੂਚੀ ਵਿੱਚ ਸਹੀ ਕਰਨ ਦੀ ਤਜਵੀਜ ਹੈ।।

ਲੈਕਚਰਾਰ(ਪੁਰਸ) ਕਾਡਰ ਦੀ ਸੀਨੀਆਰਤਾ ਸੂਚੀ ਮਿਤੀ 07-03-2011 ਵਿੱਚ ਇਨ੍ਹਾ ਕਰਮਚਾਰੀਆ ਦੇ ਮੌਜੂਦਾ ਵੇਰਵੇ ਹੇਠ ਅਨੁਸਾਰ ਹਨ :-

| Sr No | Seniority No | Name /Father Name | D.O.B | Subject | Date of App | Pro or Dir | Date of Appt as Lecturer | D.O.J | Station | Distt | Cat |
|---|---|---|---|---|---|---|---|---|---|---|---|
| 1 | 1023 | ਮੇਵਾ ਸਿੰਘ ਪੁਤਰ ਹਰਨਮ ਸਿੰਘ ਸ.ਸ.ਸ.ਸ ਮੋਲਕ | 03-02-1954 | Eco | 10-01-80 | Pro | 10/22/93 | 11/20/93 | ਮੋਲਕ | | Gen |
| 2 | 1137 | ਬਿਸਬੰਰ ਦਾਸ /ਮੰਗਾ ਰਾਮ | 04-04-51 | Eco | 11-06-91 | Pro | 10/22/93 | 01/29/94 | ਰੋਪੜ | ਰੋਪੜ | Gen |
| 3 | 1293 | ਨਿਰਮਲ ਸਿੰਘ / ਵਰਿਆਮ ਚੰਦ | 01/10/62 | Eco | 04/01/85 | Pro | 11/26/93 | 11/27/93 | ਜੇਜੋਂ ਦੁਆਬਾ | ਹੁਸਿ | Gen |

ਪ੍ਰਾਪਤ ਰਿਕਾਰਡ ਅਨੁਸਾਰ ਇਨ੍ਹਾ ਕਰਮਚਾਰੀਆਂ ਦੇ ਸਹੀ ਵੇਰਵੇ ਜੋ ਸੀਨੀਆਰਤਾ ਵਿੱਚ ਸੋਧੇ ਜਾਣੇ ਹਨ

| Sr No | Seniority No | Name /Father Name | D.O.B | Subject | Date of App | Pro or Dir | Date of Appt as Lecturer | D.O.J | Station | Distt | Cat |
|---|---|---|---|---|---|---|---|---|---|---|---|
| 1 | 1023 | ਮੇਵਾ ਸਿੰਘ ਪੁੱਤਰ ਹਰਨਮ ਸਿੰਘ ਸ.ਸ.ਸ.ਸ ਭਾਰਤ ਨਗਰ (ਲੁਧਿਆਣਾ) | 03-02-1954 | **Punjabi** | 10-01-80 | Pro | 10/22/93 | 11/24/93 | ਸ.ਸ.ਸ.ਸ ਭਾਰਤ ਨਗਰ ਲੁਧਿਆਣਾਂ | | **S.C** |
| 2 | 1137 | ਬਿਸਬੰਰ ਦਾਸ /ਮੰਗੂ ਰਾਮ | 04-04-51 | **Commerce** | 11-06-91 | Pro | 10/22/93 | 01/29/94 | **ਸ.ਕੰ.ਸਸਸ ਤਲਵਾੜਾ** | **ਹੁਸਿਆਰਪੁਰ** | Gen |
| 3 | 1293 | ਨਿਰਮਲ ਸਿੰਘ / ਵਰਿਆਮ ਚੰਦ | 01/10/62 | Eco | 04/01/85 | Pro | 10/22/93 | 11/27/93 | ਮਨਸੂਰਪੁਰ | ਹੁਸਿ | **S.C** |

ਉਪਰੋਕਤ ਸਥਿਤੀ ਵਿੱਚ ਲੈਕਚਰਾਰ ਪੁਰਸ ਕਾਡਰ ਦੀ ਸੀਨੀਆਰਤਾ ਸੂਚੀ 07-03-2011 ਵਿੱਚ ਇਨ੍ਹਾ ਕਰਮਚਾਰੀਆ ਦੇ ਸੇਵਾ ਵੇਰਵਿਆ ਸਬੰਧੀ ਉਪਰੋਕਤ ਅਨੁਸਾਰ ਸੋਧ ਕਰਨ ਦੀ ਤਜਵੀਜ ਹੈ , ਇਹ ਸੋਧ ਕਰਨ ਤੋਂ ਪਹਿਲਾਂ ਇਸ ਨੋਟਿਸ ਰਾਂਹੀ ਸਮੂਹ ਕਰਮਚਾਰੀਆਂ ਤੋਂ ਇਤਰਾਜ ਮੰਗੇ ਜਾਂਦੇ ਹਨ ਕੇ ਜੇਕਰ ਨੋਟਿਸ ਵਿੱਚ ਦਰਜ ਵੇਰਵਿਆ ਸਬੰਧੀ ਕਿਸੇ ਨੂੰ ਵੀ ਕੋਈ ਇਤਰਾਜ ਹੈ ਤਾਂ ਉਹ ਮਿਤੀ 21-07-2014 ਤੱਕ ਲਿਖਤੀ ਰੂਪ ਵਿੱਚ ਦਸਤੀ ਜਾਂ ਰਜਿਸਟਰਡ ਪੱਤਰ ਰਾਂਹੀ ਸਮੇਤ ਦਸਤਾਵੇਜੀ ਸਬੂਤ ਸਹਿਤ ਦਫਤਰ ਡਾਇਰੈਕਟਰ ਸਿੱਖਿਆ ਵਿਭਾਗ(ਸੈਸਿ) ਪੰਜਾਬ ਵਿਦਿੱਆ ਭਵਨ- 4 ਮਜਿੰਲ, ਫੇਜ-8 ਐਸ.ਏ ਐਸ ਨਗਰ ਵਿਖੇ ਪੁੱਜਦਾ ਕੀਤਾ ਜਾਵੇ। ਇਸ ਸਬੰਧੀ ਜੇਕਰ ਕੋਈ ਰਿਕਾਰਡ ਦੇਖਣਾ ਚਾਂਹੁੰਦਾ ਹੈ ਤਾਂ 18-07-2014 ਤੱਕ ਇਸ ਦਫਤਰ ਵਿਖੇ ਹਾਜਰ ਹੋ ਕੇ ਦੇਖ ਸਕਦਾ ਹੈ। ਇਸ ਸਮੇਂ ਤੋ ਬਾਅਦ ਪ੍ਰਾਪਤ ਹੋਏ ਇਤਰਾਜਾ ਤੇ ਕੋਈ ਵਿਚਾਰ ਨਹੀ ਕੀਤਾ ਜਾਵੇਗਾ।

ਸਹੀ/-
ਡਾਇਰੈਕਟਰ ਸਿੱਖਿਆ ਵਿਭਾਗ(ਸੈਸਿ) ਪੰਜਾਬ